Australian Government
Department of Social Services



# ਘਰੇਲੂ ਅਤੇ ਪਰਿਵਾਰਕ ਹਿੰਸਾ

## ਆਸਟ੍ਰੇਲੀਆ ਵਿੱਚ, ਘਰੇਲੂ ਅਤੇ ਪਰਿਵਾਰਕ ਹਿੰਸਾ ਪ੍ਰਵਾਨ ਨਹੀਂ ਹੈ।

ਘਰੇਲੂ ਅਤੇ ਪਰਿਵਾਰਕ ਹਿੰਸਾ ਕਾਨੂੰਨ ਦੇ ਵਿਰੁੱਧ ਕੀਤੇ ਗਏ ਅਪਰਾਧ ਹਨ।

ਕੋਈ ਵਿਅਕਤੀ ਜੋ ਇਸ ਤਰ੍ਹਾਂ ਦੇ ਅਪਰਾਧ ਕਰਦਾ ਹੈ, ਜੇਲ੍ਹ ਜਾ ਸਕਦਾ ਹੈ, ਭਾਵੇਂ ਉਹ ਆਦਮੀ ਹੈ ਜਾਂ ਔਰਤ।

ਜੇ ਤੁਸੀਂ ਜਾਂ ਕੋਈ ਐਸਾ ਵਿਅਕਤੀ ਜਿਸ ਨੂੰ ਤੁਸੀਂ ਜਾਣਦੇ ਹੋ, ਖਤਰੇ ਵਿੱਚ ਹੈ, ਤਾਂ ਪੁਲਿਸ ਨੂੰ **000** ‘ਤੇ ਕੱਾਲ ਕਰੋ।

ਅੱਸਟ੍ਰੇਲੀਆ ਵਿੱਚ ਪੁਲਿਸ ਸੁਰੱਖਿਅਤ ਹੈ ਅਤੇ ਤੁਸੀਂ ਉਸ 'ਤੇ ਵਿਸ਼ਵਾਸ ਕਰ ਸਕਦੇ ਹੋ।

ਮੁਫ਼ਤ ਅਤੇ ਗੁਪਤ ਸਲਾਹਕਾਰੀ ਅਤੇ ਜਾਣਕਾਰੀ ਲਈ **1800 737 732** 'ਤੇ 1800RESPECT ਨੂੰ ਕੱਾਲ ਕਰੋ।

ਜੇ ਤੁਹਾਨੂੰ ਮੁਫ਼ਤ ਦੁਭਾਸ਼ੀਏ (interpreter) ਦੀ ਜ਼ਰੂਰਤ ਹੈ, ਤਾਂ **131 450** 'ਤੇ ਕੱਾਲ ਕਰੋ।

## ਆਸਟ੍ਰੇਲੀਅਨ ਸਰਕਾਰ (Australian Government) ਕਿਸੇ ਵੀ ਹਾਲਾਤ ਵਿੱਚ ਘਰੇਲੂ ਅਤੇ ਪਰਿਵਾਰਕ ਹਿੰਸਾ ਨੂੰ ਬਰਦਾਸ਼ਤ ਨਹੀਂ ਕਰਦੀ।

ਘਰੇਲੂ ਅਤੇ ਪਰਿਵਾਰਕ ਹਿੰਸਾ ਵਿੱਚ ਉਹ ਵਿਵਹਾਰ ਜਾਂ ਧਮਕੀਆਂ ਸ਼ਾਮਲ ਹਨ ਜਿਹਨਾਂ ਦਾ ਮਕਸਦ ਆਪਣੇ ਜੋੜੀਦਾਰ ਨੂੰ ਡਰਾ ਕੇ ਜਾਂ ਉਸ ਦੀ ਸੁਰੱਖਿਅਤਾ ਨੂੰ ਧਮਕਾ ਕੇ ਵੱਸ ਵਿੱਚ ਰੱਖਣਾ ਹੁੰਦਾ ਹੈ। ਹੇਠ ਲਿਖੇ ਵਰਤਾਵੇ ਘਰੇਲੂ ਅਤੇ ਪਰਿਵਾਰਿਕ ਹਿੰਸਾ ਵਿੱਚ ਸ਼ਾਮਲ ਕੀਤੇ ਜਾਂਦੇ ਹਨ:

- ਚੋਟਾਂ ਲਾਉਣੀਆਂ;
- ਗਲਾ ਘੁੱਟਣਾ;
- ਜੋੜੀਦਾਰ ਜਾਂ ਪਰਿਵਾਰ ਨੂੰ ਲੋੜੀਂਦਾ ਖਰਚਾ ਦੇਣ ਤੋਂ ਇਨਕਾਰੀ ਹੋਣਾ;
- ਆਪਣੇ ਸਾਥੀ ਨੂੰ ਪਰਿਵਾਰ ਜਾਂ ਦੋਸਤਾਂ ਤੋਂ ਅਲੱਗ ਥਲੱਗ ਕਰਨਾ;
- ਆਪਣੇ ਸਾਥੀ ਦੀ ਬੇਇਜ਼ਤੀ ਜਾਂ ਲਗਾਤਾਰ ਆਲੋਚਨਾ ਕਰਦੇ ਰਹਿਣਾ;
- ਆਪਣੇ ਸਾਥੀ ਨੂੰ ਸੰਭੋਗ ਲਈ ਮਜ਼ਬੂਰ ਕਰਨਾ; ਅਤੇ
- ਬੱਚਿਆਂ ਜਾਂ ਪਾਲਤੂ ਜਾਨਵਰਾਂ ਨੂੰ ਡਰਾਉਣਾ ਧਮਕਾਉਣਾ।

## ਔਰਤਾਂ ਨੂੰ ਉਹੀ ਹੱਕ ਹਨ ਜੋ ਆਦਮੀਆਂ ਨੂੰ।

ਆਸਟ੍ਰੇਲੀਆ ਵਿੱਚ ਕਾਨੂੰਨ, ਔਰਤਾਂ ਤੇ ਆਦਮੀਆਂ ਨਾਲ ਇੱਕੋ ਜਿਹਾ ਸਲੂਕ ਕਰਦਾ ਹੈ।

ਹਰ ਕਿਸੇ ਨੂੰ ਆਪਣੇ ਪਰਿਵਾਰਾਂ, ਦੋਸਤਾਂ ਅਤੇ ਅਜ਼ੀਜ਼ਾਂ ਨਾਲ ਸੁਚੱਜੇ ਤੇ ਸੁਰੱਖਿਅਤ ਨਾਤੇ ਮਾਣਨ ਦਾ ਅਧਿਕਾਰ ਹੈ।ਹਿੰਸਾ ਕਦੇ ਵੀ ਜਾਇਜ਼ ਨਹੀਂ।ਕਿਸੇ ਨੂੰ ਵੀ ਦੁਰਵਿਵਹਾਰ ਜਾਂ ਨੁਕਸਾਨ ਪਹੁੰਚਾਏ ਜਾਣਾ ਸਵੀਕਾਰਨ ਦੀ ਲੋੜ ਨਹੀਂ।

## ਤੁਹਾਡੀ ਮਦਦ ਲਈ ਆਸਟ੍ਰੇਲੀਆ ਵਿੱਚ ਸੱਭਿਆਚਾਰਕ ਤੌਰ ਤੇ ਸੰਵੇਦਨਸ਼ੀਲ ਸੇਵਾਵਾਂ ਮੌਜੂਦ ਹਨ।

**1800RESPECT**, ਜਿਨਸੀ ਹਮਲੇ, ਪਰਿਵਾਰਕ ਤੇ ਘਰੇਲੂ ਹਿੰਸਾ ਸਬੰਧਤ, ਆਸਟ੍ਰੇਲੀਆ ਦੀ ਰਾਸ਼ਟਰੀ ਸਲਾਹਕਾਰੀ ਸੇਵਾ ਹੈ। ਇਹ ਮੁਫਤ ਅਤੇ ਗੁਪਤ, ਟੈਲੀਫੋਨ ਅਤੇ ਔਨਲਾਈਨ, ਸਲਾਹ ਮਸ਼ਵਰਾ ਅਤੇ ਜਾਣਕਾਰੀ ਪ੍ਰਦਾਨ ਕਰਦੀ ਹੈ।ਸਲਾਹਕਾਰ ਤੁਹਾਨੂੰ ਸੁਣਦੇ ਹਨ, ਸਵਾਲਾਂ ਦੇ ਜਵਾਬ ਦਿੰਦੇ ਹਨ ਅਤੇ ਤੁਹਾਡੇ ਇਲਾਕੇ ਦੀਆਂ ਹੋਰ ਸਹਾਰਾ ਸੇਵਾਵਾਂ ਦੀ ਦੱਸ ਪਾਉਂਦੇ ਹਨ।

**1800 737 732** ਤੇ ਫੋਨ ਕਰੋ ਜਾਂ **www.1800RESPECT.org.au** ਤੇ, **1800RESPECT** ਦੀ ਵੈਬਸਾਈਟ ਤੇ ਜਾਉ।

## ਕੀ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ?

**131 450** ਤੇ **ਅਨੁਵਾਦ ਕਰਨ ਅਤੇ ਦੁਭਾਸ਼ੀਆ ਸੇਵਾ** (**Translating and Interpreting Service** (TIS)) ਨੂੰ ਫੋਨ ਕਰੋ।TIS ਦਾ ਇੱਕ ਦੁਭਾਸ਼ੀਆ ਤੁਹਾਨੂੰ ਲੋੜੀਂਦੀਆਂ ਸੇਵਾਵਾਂ ਨਾਲ ਗੱਲ ਕਰਾਉਣ ਵਿੱਚ ਮਦਦ ਕਰੇਗਾ, ਪਰ TIS ਸਲਾਹ ਮਸ਼ਵਰਾ ਨਹੀਂ ਦਿੰਦੀ।ਸਾਰੀਆਂ ਕਾਲਾਂ ਮੁਫਤ ਤੇ ਗੁਪਤ ਹੁੰਦੀਆਂ ਹਨ।